# ਪੰਜਾਬੀ
## ਸ਼੍ਰੇਣੀ-ਨੌਵੀਂ
## ਪੇਪਰ ਏ

ਸਮਾਂ: 3 ਘੰਟੇ
ਲਿਖਤੀ= 65 ਅੰਕ
ਆਂਤਰਿਕ ਮੁਲਾਂਕਣ= 10 ਅੰਕ
ਕੁੱਲ ਅੰਕ= 75 ਅੰਕ

### ਪਾਠ-ਕ੍ਰਮ ਅਤੇ ਅੰਕ-ਵੰਡ

| ਲੜੀ ਨੰ. | ਪਾਠ-ਕ੍ਰਮ | ਅੰਕ |
|---|---|---|
| 1. | ਸੁੰਦਰ ਲਿਖਾਈ | 05 |
| 2. | **ਸਾਹਿਤ-ਮਾਲਾ: 9** | 24 |
| 3. | **ਵੰਨਗੀ: 9** | 21 |
| 4. | **ਨਾਵਲ: ਇੱਕ ਹੋਰ ਨਵਾਂ ਸਾਲ** | 15 |
| | ਕੁੱਲ ਅੰਕ | 65 |

### ਪਾਠ-ਕ੍ਰਮ

**1. ਪਾਠ-ਪੁਸਤਕ: ਸਾਹਿਤ-ਮਾਲਾ: 9 (ਪੰਜਾਬੀ ਕਵਿਤਾ ਤੇ ਵਾਰਤਕ)**

ਕਵਿਤਾ ਭਾਗ

(1) ਭਾਈ ਵੀਰ ਸਿੰਘ (2) ਧਨੀ ਰਾਮ ਚਾਤ੍ਰਿਕ (3) ਪ੍ਰੋ. ਪੂਰਨ ਸਿੰਘ
(4) ਸ.ਸ ਚਰਨ ਸਿੰਘ ਸ਼ਹੀਦ (5) ਡਾ. ਦੀਵਾਨ ਸਿੰਘ ਕਾਲੇਪਾਣੀ (6) ਫ਼ੀਰੋਜ਼ਦੀਨ ਸ਼ਰਫ਼
(7) ਗੁਰਮੁਖ ਸਿੰਘ ਮੁਸਾਫਿਰ (8) ਵਿਧਾਤਾ ਸਿੰਘ ਤੀਰ (9) ਪ੍ਰੋ. ਮੋਹਨ ਸਿੰਘ
(10) ਨੰਦ ਸਿੰਘ ਨੂਰਪੁਰੀ (11) ਬਾਵਾ ਬਲਵੰਤ (12) ਪ੍ਰੀਤਮ ਸਿੰਘ ਸਫ਼ੀਰ
(13) ਅੰਮ੍ਰਿਤਾ ਪ੍ਰੀਤਮ (14) ਸ਼ਿਵ ਕੁਮਾਰ ਬਟਾਲਵੀ (15) ਸੁਰਜੀਤ ਪਾਤਰ

**ਵਾਰਤਕ ਭਾਗ**

1. ਪੁਰਾਤਨ ਜਨਮ ਸਾਖੀ 2. ਪੰਡਤ ਸ਼ਰਧਾ ਰਾਮ ਫਿਲੌਰੀ 3. ਬਿਹਾਰੀ ਲਾਲ ਪੁਰੀ
4. ਲਾਲ ਸਿੰਘ ਅਕਾਲੀ ਕਮਲਾ 5. ਸੂਬਾ ਸਿੰਘ 6. ਬਲਰਾਜ ਸਾਹਨੀ
7. ਡਾ. ਟੀ.ਆਰ.ਸ਼ਰਮਾ 8. ਡਾ. ਹਰਪਾਲ ਸਿੰਘ ਪੰਨੂ

**2. ਪਾਠ-ਪੁਸਤਕ: ਵੰਨਗੀ: 9 (ਪੰਜਾਬੀ ਕਹਾਣੀਆਂ ਤੇ ਇਕਾਂਗੀ)**

**ਕਹਾਣੀ ਭਾਗ:**

(1) ਕੱਲੋ : ਨਾਨਕ ਸਿੰਘ (2) ਜਨਮ ਦਿਨ : ਸਵਿੰਦਰ ਸਿੰਘ ਉੱਪਲ (3) ਬਸ਼ੀਰਾ : ਨਵਤੇਜ ਸਿੰਘ
(4) ਮੁਰਕੀਆਂ: ਨੌਰੰਗ ਸਿੰਘ (5) ਸਾਂਝੀ ਕੰਧ : ਸੰਤੋਖ ਸਿੰਘ ਧੀਰ
(6) ਬੱਸ ਕੰਡਕਟਰ: ਡਾ. ਦਲੀਪ ਕੌਰ ਟਿਵਾਣਾ (7) ਬਾਕੀ ਸਭ ਸੁੱਖ ਸਾਦ ਹੈ : ਮੋਹਨ ਭੰਡਾਰੀ

**ਇਕਾਂਗੀ ਭਾਗ:**

(1) ਗਊਮੁਖਾ ਸ਼ੇਰਮੁਖਾ : ਗੁਰਚਰਨ ਸਿੰਘ ਜਸੂਜਾ
(2) ਪਰਤ ਆਉਣ ਤੱਕ : ਸਤੀਸ਼ ਕੁਮਾਰ ਵਰਮਾ
(3) ਮੌਨਧਾਰੀ : ਈਸ਼ਵਰ ਚੰਦਰ ਨੰਦਾ
(4) ਗੁਬਾਰੇ : ਡਾ. ਆਤਮਜੀਤ
(5) ਸਿਰਜਣਾ : ਪਾਲੀ ਭੁਪਿੰਦਰ ਸਿੰਘ

**3. ਨਾਵਲ: ਇੱਕ ਹੋਰ ਨਵਾਂ ਸਾਲ**

**ਨਿਰਧਾਰਿਤ ਪਾਠ-ਪੁਸਤਕਾਂ** (ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਪ੍ਰਕਾਸ਼ਿਤ)

1. ਸਾਹਿਤ ਮਾਲਾ :9 (ਪੰਜਾਬੀ ਕਵਿਤਾ ਤੇ ਵਾਰਤਕ)
2. ਵੰਨਗੀ :9 (ਪੰਜਾਬੀ ਕਹਾਣੀਆਂ ਤੇ ਇਕਾਂਗੀ)
3. ਇੱਕ ਹੋਰ ਨਵਾਂ ਸਾਲ

**ਪ੍ਰਸ਼ਨ-ਪੱਤਰ ਦੀ ਰੂਪ-ਰੇਖਾ**

**ਸਮਾਂ: 3 ਘੰਟੇ** **ਕੁੱਲ ਅੰਕ (ਲਿਖਤੀ)=65**

**ਨੋਟ:**

1. **05 ਅੰਕ ਸੁੰਦਰ ਲਿਖਾਈ ਲਈ ਨਿਰਧਾਰਿਤ ਕੀਤੇ ਗਏ ਹਨ।ਇਹ ਅੰਕ ਇਸ ਪ੍ਰਸ਼ਨ-ਪੱਤਰ ਦੇ ਕੁੱਲ ਅੰਕਾਂ-65 ਵਿੱਚ ਹੀ ਰਾਖਵੇਂ ਹਨ।ਸੁੰਦਰ ਲਿਖਾਈ ਵਿੱਚ ਅੱਖਰਾਂ ਤੇ ਸ਼ਬਦਾਂ ਦਾ ਸਹੀ ਆਕਾਰ, ਸਪਸ਼ਟਤਾ, ਨਿਸ਼ਚਿਤ ਦੂਰੀ,ਲਿਖਣ ‘ਚ ਇਕਸਾਰਤਾ,ਪ੍ਰਵਾਹਯੁਕਤ ਲੇਖਨ , ਸ਼ਬਦ-ਜੋੜ ਸ਼ੁੱਧਤਾ,ਸੁੰਦਰ ਸ਼ਬਦ-ਬਣਤਰ,ਵਿਸਰਾਮ-ਚਿੰਨ੍ਹਾਂ ਦੀ ਸਹੀ ਵਰਤੋਂ ਅਤੇ ਲਿਖਾਈ ਦੇ ਸਮੁੱਚੇ ਖ਼ੂਬਸੂਰਤ ਪ੍ਰਭਾਵ ਦੇ ਆਧਾਰ ‘ਤੇ ਪਰੀਖਿਅਕ ਸੰਬੰਧਿਤ ਪਰੀਖਿਆਰਥੀ ਦੀ ਲਿਖਾਈ ਦਾ ਮੁਲਾਂਕਣ ਕਰੇਗਾ।**
2. **ਪ੍ਰਸ਼ਨ-ਪੱਤਰ ਦੇ ਕੁੱਲ 11 ਪ੍ਰਸ਼ਨ ਹੋਣਗੇ।**
3. **ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ।**

ਪੇਪਰ-ਸੈੱਟਰ ਲਈ ਵਿਸ਼ੇਸ਼ ਹਿਦਾਇਤਾਂ

ਪ੍ਰਸ਼ਨ 1. ਇਹ ਪ੍ਰਸ਼ਨ ਵਸਤੂਨਿਸ਼ਠ ਕਿਸਮ ਦਾ ਹੋਵੇਗਾ। 1*10=10

(ੳ) ਸਾਹਿਤ-ਮਾਲਾ :9 ਪੁਸਤਕ ਵਿੱਚ ਸ਼ਾਮਲ ਕਾਵਿ-ਧਾਰਾਵਾਂ ਵਿੱਚੋਂ 2 ਪ੍ਰਸ਼ਨ ਅਤੇ ਵਾਰਤਕ ਭਾਗ ਵਿੱਚੋਂ 2 ਪ੍ਰਸ਼ਨ ਪੁੱਛੇ ਜਾਣਗੇ।

(ਅ) ਵੰਨਗੀ:9 ਪੁਸਤਕ ਦੇ ਕਹਾਣੀ ਭਾਗ ਵਿੱਚੋਂ 2 ਪ੍ਰਸ਼ਨ ਅਤੇ ਇਕਾਂਗੀ ਭਾਗ ਵਿੱਚੋਂ 2 ਪ੍ਰਸ਼ਨ ਪੁੱਛੇ ਜਾਣਗੇ।

(ੲ) ਨਾਵਲ ਵਿੱਚੋਂ 2 ਪ੍ਰਸ਼ਨ ਪੁੱਛੇ ਜਾਣਗੇ। ਇਹ ਸਾਰੇ ਪ੍ਰਸ਼ਨ 1-1 ਨੰਬਰ ਦੇ ਹੋਣਗੇ।

ਪ੍ਰਸ਼ਨ 2. ਪਾਠ-ਪੁਸਤਕ ਦੇ ਕਵਿਤਾ-ਭਾਗ ਵਿੱਚੋਂ ਕੋਈ ਚਾਰ ਕਾਵਿ-**ਅੰਸ਼ /ਕਾਵਿ-ਬੰਦ** ਦੇ ਕੇ ਦੋ ਦੀ **ਪ੍ਰ**ਸੰਗ ਸਹਿਤ ਵਿਆਖਿਆ ਕਰਨ ਲਈ ਕਿਹਾ ਜਾਵੇਗਾ। 4+4=8

ਪ੍ਰਸ਼ਨ 3. ਕਵਿਤਾ-ਭਾਗ ਵਿੱਚੋਂ ਦੋ ਕਾਵਿ-ਸਤਰਾਂ ਦੇ ਕੇ ਇੱਕ ਦੀ ਵਿਆਖਿਆ ਕਰਨ ਬਾਰੇ ਕਿਹਾ ਜਾਵੇਗਾ। 3

ਪ੍ਰਸ਼ਨ 4. ਕਵਿਤਾ-ਭਾਗ ਵਿੱਚੋਂ ਦੋ ਕਵਿਤਾਵਾਂ ਦੇ ਕੇ ਕਿਸੇ ਇੱਕ ਦਾ ਕੇਂਦਰੀ ਭਾਵ ਲਿਖਣ ਲਈ ਕਿਹਾ ਜਾਵੇਗਾ 3

ਪ੍ਰਸ਼ਨ 5. ਵਾਰਤਕ ਭਾਗ ਵਿੱਚੋਂ ਦਿੱਤੇ ਲੇਖਾਂ ਵਿੱਚੋਂ ਪੰਜ ਪ੍ਰਸ਼ਨ ਦੇ ਕੇ ਕਿਸੇ ਤਿੰਨ ਦਾ ਉੱਤਰ ਦੇਣ ਲਈ ਕਿਹਾ ਜਾਵੇਗਾ। 2+2+2=6

ਪ੍ਰਸ਼ਨ 6. ਵੰਨਗੀ:9 ਪੁਸਤਕ ਵਿੱਚੋਂ ਦੋ ਕਹਾਣੀਆਂ ਦੇ ਕੇ ਇੱਕ ਦਾ ਸਾਰ ਲਿਖਣ ਨੂੰ ਕਿਹਾ ਜਾਵੇਗਾ। 5

ਪ੍ਰਸ਼ਨ 7. ਕਹਾਣੀਆਂ ਦੇ ਪਾਠ-ਅਭਿਆਸਾਂ ਵਿੱਚੋਂ ਚਾਰ ਪ੍ਰਸ਼ਨ ਦੇ ਕੇ ਦੋ ਦਾ ਉੱਤਰ ਦੇਣ ਲਈ ਕਿਹਾ ਜਾਵੇਗਾ। 2+2=4

ਪ੍ਰਸ਼ਨ 8. ਇਕਾਂਗੀਆਂ ਵਿੱਚੋਂ ਦੋ ਪਾਤਰ ਦੇ ਕੇ ਕਿਸੇ ਇੱਕ ਦਾ ਪਾਤਰ ਚਿੱਤਰਨ ਲਿਖਣ ਲਈ ਕਿਹਾ ਜਾਵੇਗਾ। 4

ਪ੍ਰਸ਼ਨ 9. ਇਕਾਂਗੀਆਂ ਵਿੱਚੋਂ ਕੋਈ ਤਿੰਨ ਵਾਰਤਾਲਾਪ ਦੇ ਕੇ, ਹੇਠਾਂ ਦਿੱਤੇ 4 ਪ੍ਰਸ਼ਨ ਕਰਨ ਲਈ ਕਿਹਾ ਜਾਵੇਗਾ। 1+1+1+1=4

ਪ੍ਰਸ਼ਨ 10. ਨਾਵਲ ਵਿੱਚੋਂ ਛੇ ਪ੍ਰਸ਼ਨ ਦੇ ਕੇ ਚਾਰ ਦੇ ਉੱਤਰ ਲਿਖਣ ਲਈ ਕਿਹਾ ਜਾਵੇਗਾ। 2+2+2+2=8

ਪ੍ਰਸ਼ਨ 11. ਨਾਵਲ ਵਿੱਚੋਂ ਦੋ' ਵਾਰਤਾਲਾਪ ਦੇ ਕੇ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰਨ ਲਈ ਕਿਹਾ ਜਾਵੇਗਾ। 2+3=5

**ਆਂਤਰਿਕ ਮੁਲਾਂਕਣ: 10 ਅੰਕ**

**ਆਂਤਰਿਕ ਮੁਲਾਂਕਣ ਦੀਆਂ ਹਿਦਾਇਤਾਂ ਅਤੇ ਅੰਕ-ਵੰਡ**

| ਲੜੀ ਨੰ. | ਆਂਤਰਿਕ ਮੁਲਾਂਕਣ ਦੀ ਰੂਪ-ਰੇਖਾ | ਅੰਕ |
|---|---|---|
| 1. | **ਪ੍ਰੋਜੈਕਟ:** ਵੰਨਗੀ:9 ਪੁਸਤਕ ਦੇ ਆਧਾਰ 'ਤੇ ਵਿਸ਼ਾ-ਸਮਗਰੀ ਨਾ.ਲ ਸੰਬੰਧਿਤ ਹੇਠ ਲਿਖੇ ਪ੍ਰੋਜੈਕਟ ਬਣਾ ਕੇ ਸੰਬੰਧਿਤ ਵਿਸ਼ਾ-ਅਧਿਆਪਕ ਕੋ.ਲ ਮੁਲਾਂਕਣ ਲਈ ਜਮ੍ਹਾ ਕਰਵਾਏ ਜਾਣਗੇ:<br>1. 01 ਚਾਰਟ<br>2. 01 ਸਕਰੈਪ-ਬੁੱਕ (ਸੰਬੰਧਿਤ ਵਿਸ਼ੇ ਨਾਲ ਸੰਬੰਧਿਤ ਤਸਵੀਰਾਂ ਆਦਿ ਦੀ ਸਮੱਗਰੀ ਵਾਲੀ)<br>3. 01 ਮਾਡਲ ਦਾ ਨਿਰਮਾਣ | 05 ਅੰਕ(1+2+2)<br>01 ਅੰਕ<br>02 ਅੰਕ<br>02 ਅੰਕ |
| 2. | **ਭਾਸ਼ਾਈ ਸਮਰੱਥਾ** (ਸ਼ੁੱਧ ਉਚਾਰਨ/ਬੋਲਣ-ਯੋਗਤਾ):<br>**ਸਾਹਿਤ-ਮਾ.ਲਾ**:9 ਵਾਲੇ ਭਾਗ ਨਾ.ਲ ਸੰਬੰਧਿਤ। | 02 ਅੰਕ |
| 3. | **ਭਾਸ਼ਾਈ ਸਮਰੱਥਾ** (ਸਰਵਣ/ਸੁਣਨ-ਯੋਗਤਾ):<br>**ਸਾਹਿਤ-ਮਾ.ਲਾ**:9 ਵਾਲੇ ਭਾਗ ਨਾਲ ਸੰਬੰਧਿਤ। | 02 ਅੰਕ |
| 4. | **ਫੁਸਤਕ-ਬੈਂਕ/ਬੁੱਕ-ਬੈਂਕ:**<br>ਸੰਬੰਧਿਤ ਵਿਸ਼ੇ ਦੀਆਂ ਪੁਸਤਕਾਂ ਦੇ ਬੁੱਕ-ਬੈਂਕ ਵਿੱਚ ਯੋਗਦਾਨ ਪਾਉਣ ਅਤੇ ਉਹਨਾਂ ਦੀ ਸਾਂਭ-ਸੰਭਾ.ਲ ਵਿੱਚ ਕਿਰਿਆਸ਼ੀਲ ਭੂਮਿਕਾ ਨਿਭਾਉਣ ਦੇ ਆਧਾਰ 'ਤੇ ਇਹ ਅੰਕ ਸੰਬੰਧਿਤ ਵਿਸ਼ਾ-ਅਧਿਆਪਕ ਵੱਲੋਂ ਦਿੱਤੇ ਜਾਣਗੇ। | 01 ਅੰਕ |
| | | |
| | ਕੁੱਲ ਅੰਕ | 10 |

**ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਨਿਰਧਾਰਿਤ ਪਾਠ-ਪੁਸਤਕ:**

1.ਸਾਹਿਤ-ਮਾ.ਲਾ:9
2.ਵੰਨਗੀ:9
3.ਇੱਕ ਹੋਰ ਨਵਾਂ ਸਾਲ (ਨਾਵਲ)

## ਸ਼੍ਰੇਣੀ ਨੌਵੀਂ
## ਵਿਸ਼ਾ-ਪੰਜਾਬੀ
## ਪੇਪਰ ਬੀ

ਸਮਾਂ: 3 ਘੰਟੇ ਲਿਖਤੀ= 65 ਅੰਕ
ਆਂਤਰਿਕ ਮੁਲਾਂਕਣ= 10 ਅੰਕ
ਕੁੱਲ ਅੰਕ= 75 ਅੰਕ

### ਪਾਠ-ਕ੍ਰਮ ਅਤੇ ਅੰਕ-ਵੰਡ

| ਲੜੀ ਨੰ. | ਪਾਠ-ਕ੍ਰਮ | ਅੰਕ |
|---|---|---|
| 1. | ਸੁੰਦਰ ਲਿਖਾਈ | 05 |
| 2. | ਲੇਖ, ਚਿੱਠੀਆਂ, ਪੈਰਾ ਰਚਨਾ, ਮੁਹਾਵਰੇਦਾਰ ਵਾਕਾਂਸ਼/ ਅਖਾਉਤਾਂ | 27 |
| 3. | ਵਿਆਕਰਨ | 33 |
| ਕੁੱਲ ਅੰਕ | | 65 |

### ਪਾਠ-ਕ੍ਰਮ

1. ਲੇਖ:(ੳ) ਜੀਵਨੀਆਂ (ਅ) ਸਮਾਜਿਕ ਜੀਵਨ ਦੀਆਂ ਸਮੱਸਿਆਵਾਂ (ੲ) ਵਿਗਿਆਨ ਸੰਬੰਧੀ (ਸ) ਤਿਉਹਾਰ ਅਤੇ ਮੇਲੇ।
2. ਚਿੱਠੀਆਂ/ਅਰਜ਼ੀਆਂ-ਨਿੱਜੀ ਦਫ਼ਤਰੀ ਅਤੇ ਫੁਟਕਲ।
3. ਪੈਰਾ-ਰਚਨਾ।
4. ਭਾਸ਼ਾ ਅਤੇ ਪੰਜਾਬੀ ਭਾਸ਼ਾ: ਪਰਿਭਾਸ਼ਾ, ਪੰਜਾਬ ਦੀਆਂ ਉਪਭਾਸ਼ਾਵਾਂ, ਟਕਸਾਲੀ ਜਾਂ ਮਿਆਰੀ ਭਾਸ਼ਾ।
5. ਵਿਆਕਰਨ: ਪਰਿਭਾਸ਼ਾ, ਮੰਤਵ, ਅੰਗ।
6. ਮੁਹਾਵਰੇਦਾਰ ਵਾਕਾਂਸ਼/ਅਖਾਉਤਾਂ।
7. ਕਾਰਕ ਅਤੇ ਉਸ ਦੀਆਂ ਕਿਸਮਾਂ।
8. ਵਾਕ ਬੋਧ ਦੇ ਹਿੱਸੇ, ਵਾਕ ਦੀਆਂ ਕਿਸਮਾਂ /ਵਾਕ-ਵਟਾਂਦਰਾ, ਪਦ-ਵੰਡ
9. ਸ਼ਬਦ-ਰਚਨਾ/ਸਮਾਸੀ ਸ਼ਬਦ
10. ਸ਼ਬਦ-ਜੋੜਾਂ ਦੀ ਅਮਲੀ ਵਰਤੋਂ: ਸ਼ਬਦ-ਜੋੜਾਂ ਵਿੱਚ ਬਿੰਦੀ ਟਿੱਪੀ ਅਧਕ ਦੀ ਵਰਤੋਂ ਨਾਲ਼ ਪੈਂਦੇ ਫਰਕ ਬਾਰੇ ਜਾਣਕਾਰੀ
11. ਅਗੇਤਰ-ਪਿਛੇਤਰ

ਨਿਰਧਾਰਿਤ ਪਾਠ-ਪੁਸਤਕ: ਆਧੁਨਿਕ-ਪੰਜਾਬੀ ਵਿਆਕਰਨ ਅਤੇ ਲੇਖ ਰਚਨਾ
(ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਪ੍ਰਕਾਸ਼ਿਤ)

### ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

ਸਮਾਂ: 3 ਘੰਟੇ ਕੁੱਲ ਅੰਕ (ਲਿਖਤੀ)=65

ਨੋਟ:

1. 05 ਅੰਕ ਸੁੰਦਰ ਲਿਖਾਈ ਲਈ ਨਿਰਧਾਰਿਤ ਕੀਤੇ ਗਏ ਹਨ।ਇਹ ਅੰਕ ਇਸ ਪ੍ਰਸ਼ਨ-ਪੱਤਰ ਦੇ ਕੁੱਲ ਅੰਕਾਂ-65 ਵਿੱਚ ਹੀ ਰਾਖਵੇਂ ਹਨ।ਸੁੰਦਰ ਲਿਖਾਈ ਵਿੱਚ ਅੱਖਰਾਂ ਤੇ ਸ਼ਬਦਾਂ ਦਾ ਸਹੀ ਆਕਾਰ, ਸਪਸ਼ਟਤਾ, ਨਿਸ਼ਚਿਤ ਦੂਰੀ,ਲਿਖਣ 'ਚ ਇਕਸਾਰਤਾ,ਪ੍ਰਵਾਹਯੁਕਤ ਲੇਖਨ , ਸ਼ਬਦ-ਜੋੜ ਸ਼ੁੱਧਤਾ, ਸੁੰਦਰ

ਸ਼ਬਦ-ਬਣਤਰ,ਵਿਸਰਾਮ-ਚਿੰਨ੍ਹਾਂ ਦੀ ਸਹੀ ਵਰਤੋਂ ਅਤੇ ਲਿਖਾਈ ਦੇ ਸਮੁੱਚੇ ਖ਼ੂਬਸੂਰਤ ਪ੍ਰਭਾਵ ਦੇ ਆਧਾਰ 'ਤੇ ਪਰੀਖਿਅਕ ਸੰਬੰਧਿਤ ਪਰੀਖਿਆਰਥੀ ਦੀ ਲਿਖਾਈ ਦਾ ਮੁਲਾਂਕਣ ਕਰੇਗਾ।

2. ਪ੍ਰਸ਼ਨ-ਪੱਤਰ ਦੇ ਕੁੱਲ 11 ਪ੍ਰਸ਼ਨ ਹੋਣਗੇ।
3. ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ।

**ਪੇਪਰ-ਸੈੱਟਰ ਲਈ ਵਿਸ਼ੇਸ਼ ਹਿਦਾਇਤਾਂ**

ਪ੍ਰਸ਼ਨ 1. ਵਿਆਕਰਨ ਭਾਗ ਵਿੱਚੋਂ 10 ਵਸਤੂ ਨਿਸ਼ਠ-ਪ੍ਰਸ਼ਨ ਪੁੱਛੇ **ਜਾਣਗੇ।** 10 ਅੰਕ
(ਇਹ ਪ੍ਰਸ਼ਨ ਸਿਲੇਬਸ ਦੇ ਲੜੀ ਨੰ: 4 ਤੋਂ 11 ਤੱਕ ਵਾਲੇ ਭਾਗ ਵਿੱਚੋਂ ਹੋਣਗੇ।)

ਪ੍ਰਸ਼ਨ 2. ਕੋਈ ਪੰਜ ਵਿਸ਼ੇ ਦੇ ਕੇ ਕਿਸੇ ਇੱਕ ਉੱਤੇ ਲਗ-ਪਗ 500 ਸ਼ਬਦਾਂ ਦਾ ਲੇਖ ਲਿਖਣ ਲਈ ਕਿਹਾ ਜਾਵੇਗਾ। 6 **ਅੰਕ**

ਪ੍ਰਸ਼ਨ 3. ਕੋਈ ਦੋ ਵਿਸ਼ੇ ਦੇ ਕੇ ਕਿਸੇ ਇੱਕ ਉੱਤੇ ਪੱਤਰ/ਅਰਜ਼ੀ ਲਿਖਣ ਲਈ ਕਿਹਾ ਜਾਵੇਗਾ। 6 **ਅੰਕ**

ਪ੍ਰਸ਼ਨ 4. **ਪੈਰਾ-ਰਚਨਾ:** ਕਿਸੇ ਵਿਚਾਰ ਦਾ ਵਿਸਤਾਰ,ਕਿਸੇ ਤੁਕ ਦੀ ਵਿਆਖਿਆ ਜਾ ਕਿਸੇ ਸਥਿਤੀ ਅਨੁਸਾਰ ਪੈਰਾ-ਰਚਨਾ ਕਰਨਾ। 5 **ਅੰਕ**

ਪ੍ਰਸ਼ਨ 5. ਮੁਹਾਵਰੇਦਾਰ ਵਾਕੰਸ਼/ ਅਖਾਉਤਾਂ ਕੋਈ 7 ਮੁਹਾਵਰੇ ਵਾਕੰਸ਼/ ਅਖਾਉਤਾਂ ਦੇ ਕੇ ਕਿਸੇ ਪੰਜ ਨੂੰ ਵਾਕਾਂ ਵਿੱਚ ਵਰਤਣ ਲਈ ਕਿਹਾ ਜਾਵੇਗਾ। 2***5=10 ਅੰਕ**

ਪ੍ਰਸ਼ਨ 6. ਕਾਰਕ ਜਾਂ ਉਸਦੀਆਂ ਕਿਸਮਾਂ ਦੀ ਪਰਿਭਾਸ਼ਾ ਬਾਰੇ ਦੋ ਪ੍ਰਸ਼ਨ ਪੁੱਛ ਕੇ ਇੱਕ ਕਰਨ ਲਈ ਕਿਹਾ ਜਾਵੇਗਾ। **4 ਅੰਕ**

ਪ੍ਰਸ਼ਨ 7(ੳ) ਭਾਸ਼ਾ ਅਤੇ ਪੰਜਾਬੀ ਭਾਸ਼ਾ ਦੀ ਪਰਿਭਾਸ਼ਾ, ਪੰਜਾਬੀ ਦੀਆਂ ਉਪਭਾਸ਼ਾਵਾਂ, ਟਕਸਾਲੀ ਜਾਂ ਮਿਆਰੀ ਭਾਸ਼ਾ ਬਾਰੇ ਦੋ ਪ੍ਰਸ਼ਨ ਪੁੱਛੇ ਜਾਣਗੇ। 2***2=4 ਅੰਕ**

(ਅ) ਵਿਆਕਰਨ ਦੀ ਪਰਿਭਾਸ਼ਾ, ਮੰਤਵ ਅਤੇ ਅੰਗ ਬਾਰੇ 3 ਪ੍ਰਸ਼ਨ ਪੁੱਛੇ ਜਾਣਗੇ। **1+1+1=3**

ਪ੍ਰਸ਼ਨ 8 ਵਾਕਬੋਧ ਵਿੱਚੋਂ ਵਾਕ ਦੀਆਂ ਕਿਸਮਾਂ ਜਾਂ ਵਾਕ- ਵਟਾਂਦਰੇ ਬਾਰੇ ਦੋ ਸਵਾਲ ਪੁੱਛ ਕੇ ਇੱਕ ਕਰਨ ਲਈ ਕਿਹਾ ਜਾਵੇਗਾ। 3 **ਅੰਕ**

ਪ੍ਰਸ਼ਨ 9. ਸ਼ਬਦ ਰਚਨਾ/ਸਮਾਸੀ ਸ਼ਬਦ ਸੰਬੰਧੀ ਦੋ ਪ੍ਰਸ਼ਨ ਪੁੱਛ ਕੇ ਇੱਕ ਕਰਨ ਲਈ ਕਿਹਾ ਜਾਵੇਗਾ। 3 **ਅੰਕ**

ਪ੍ਰਸ਼ਨ 19. ਸ਼ਬਦ ਜੋੜਾਂ ਸੰਬੰਧੀ ਦੋ ਵਾਕ ਦੇ ਕੇ ਉਹਨਾਂ ਵਿਚਲੇ ਸ਼ਬਦ ਜੋੜ ਠੀਕ ਕਰਨ ਲਈ ਕਿਹਾ ਜਾਵੇਗਾ। ਕੁੱਲ ਸੋਧਾਂ 3 ਕਰਨੀਆਂ ਹੋਣਗੀਆਂ। 3 **ਅੰਕ**

ਪ੍ਰਸ਼ਨ 11. ਅਗੇਤਰ-ਪਿਛੇਤਰ ਲਗਾ ਕੇ ਸਾਰਥਕ ਸ਼ਬਦ ਬਣਾਉਣ ਲਈ ਕਿਹਾ ਜਾਵੇਗਾ 3 **ਅੰਕ**

**ਅੰਤਰਿਕ ਮੁਲਾਂਕਣ: 10 ਅੰਕ**

**ਅੰਤਰਿਕ ਮੁਲਾਂਕਣ ਦੀਆਂ ਹਿਦਾਇਤਾਂ ਅਤੇ ਅੰਕ-ਵੰਡ**

| ਲੜੀ ਨੰ. | ਅੰਤਰਿਕ ਮੁਲਾਂਕਣ ਦੀ ਰੂਪ-ਰੇਖਾ | ਅੰਕ |
|---|---|---|
| 1. | **ਪ੍ਰੋਜੈਕਟ:** ਪਾਠਕ੍ਰਮ ਦੇ 1-4 ਭਾਗ ਦੇ ਆਧਾਰ 'ਤੇ ਵਿਸ਼ਾ-ਸਮਗਰੀ ਨਾਲ਼ ਸੰਬੰਧਿਤ ਹੇਠ ਲਿਖੇ ਪ੍ਰੋਜੈਕਟ ਬਣਾ ਕੇ ਸੰਬੰਧਿਤ ਵਿਸ਼ਾ-ਅਧਿਆਪਕ ਕੋਲ਼ ਮੁਲਾਂਕਣ ਲਈ ਜਮ੍ਹਾਂ ਕਰਵਾਏ ਜਾਣਗੇ:<br>4. 01 ਚਾਰਟ<br>5. 01 ਸਕਰੈਪ-ਬੁੱਕ (ਸੰਬੰਧਿਤ ਵਿਸ਼ੇ ਨਾਲ਼ ਸੰਬੰਧਿਤ ਤਸਵੀਰਾਂ ਆਦਿ ਦੀ ਸਮਗਰੀ ਵਾਲੀ)<br>6. 01 ਮਾਡਲ ਦਾ ਨਿਰਮਾਣ | 05 ਅੰਕ(1+2+2)<br>1 ਅੰਕ<br>2 ਅੰਕ<br>2 ਅੰਕ |
| 2. | **ਭਾਸ਼ਾਈ ਸਮਰੱਥਾ** (ਸ਼ੁੱਧ ਉਚਾਰਨ/ਬੋਲਣ-ਯੋਗਤਾ): | 02 ਅੰਕ |

| | | |
|---|---|---|
| | **ਪਾਠਕ੍ਰਮ ਦੇ 5-11 ਤਕ ਦੇ ਭਾਗ ਨਾਲ਼ ਸੰਬੰਧਿਤ।** | |
| 3. | **ਭਾਸ਼ਾਈ ਸਮਰਥਾ** (ਸਰਵਣ/ਸੁਣਨ-ਯੋਗਤਾ):<br>**ਪਾਠਕ੍ਰਮ ਦੇ 5-11 ਤਕ ਦੇ ਭਾਗ ਨਾਲ ਸੰਬੰਧਿਤ।** | 02 |
| 4. | **ਪੁਸਤਕ-ਬੈਂਕ/ਬੁੱਕ-ਬੈਂਕ:**<br>ਸੰਬੰਧਿਤ ਵਿਸ਼ੇ ਦੀਆਂ ਪੁਸਤਕਾਂ ਦੇ ਬੁੱਕ-ਬੈਂਕ ਵਿੱਚ ਯੋਗਦਾਨ ਪਾਉਣ ਅਤੇ ਉਹਨਾਂ ਦੀ ਸਾਂਭ-ਸੰਭਾਲ਼ ਵਿੱਚ ਕਿਰਿਆਸ਼ੀਲ ਭੂਮਿਕਾ ਨਿਭਾਉਣ ਦੇ ਆਧਾਰ ’ਤੇ ਇਹ ਅੰਕ ਸੰਬੰਧਿਤ ਵਿਸ਼ਾ-ਅਧਿਆਪਕ ਵੱਲੋਂ ਦਿੱਤੇ ਜਾਣਗੇ। | 01 |
| | | |
| | ਕੁੱਲ ਅੰਕ | 10 |

**ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਨਿਰਧਾਰਿਤ ਪਾਠ-ਪੁਸਤਕ:**
**ਆਧੁਨਿਕ ਪੰਜਾਬੀ ਵਿਆਕਰਨ ਅਤੇ ਲੇਖ-ਰਚਨਾ**